**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ

(ਐ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/ 77454
ਮਿਤੀ ਚੰਡੀਗੜ੍ਹ 30 ਨਵੰਬਰ, 2009

**ਵਿਸ਼ਾ** **ਅਧੀਨ ਕਰਮਚਾਰੀਆਂ ਦੇ ਵਿਰੁੱਧ ਸਮੇਂ ਸਿਰ ਕਾਰਵਾਈ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਮਹੀਨਾਵਾਰ ਮੀਟਿੰਗਾਂ ਅਤੇ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਮੰਡਲ ਅਤੇ ਜ਼ਿਲ੍ਹਾ ਨਿਰੀਖਣ ਟੀਮਾਂ ਤੋਂ ਇਲਾਵਾ ਆਪ ਜੀ ਵੱਲੋਂ ਵੀ ਕੀਤੇ ਗਏ ਨਿਰੀਖਣਾਂ ਦੀਆਂ ਰਿਪੋਰਟਾਂ ਅਨੁਸਾਰ ਕੁੱਝ ਕਰਮਚਾਰੀਆਂ ਦੇ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ । ਜਿਨ੍ਹਾਂ ਕਰਮਚਾਰੀਆਂ ਦੇ ਵਿਰੁੱਧ ਕਾਰਵਾਈ ਕਰਨ ਲਈ ਸਮਰੱਥ ਅਧਿਕਾਰੀ ਵਿਭਾਗ ਦੇ ਮੁੱਖੀ ਜਾਂ ਸਰਕਾਰ ਹੈ, ਉਹਨਾਂ ਕੇਸਾਂ ਵਿੱਚ ਤਾਂ ਕਾਰਵਾਈ ਹੋ ਰਹੀਂ ਹੈ ਪਰੰਤੂ ਜਿੱਥੇ ਕਿਧਰੇ ਕਰਮਚਾਰੀ ਵਿਰੁੱਧ ਕਾਰਵਾਈ ਦੇ ਲਈ ਸਮਰੱਥ ਅਧਿਕਾਰੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਜਾਂ (ਐ.ਸਿ.) ਹਨ, ਦੇ ਕੇਸਾਂ ਵਿੱਚ ਆਪ ਜੀ ਵੱਲੋਂ ਸਮੇਂ ਸਿਰ ਕਾਰਵਾਈ ਨਹੀਂ ਕੀਤੀ ਜਾਂਦੀ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਹੋ ਜਿਹੇ ਸਾਰੇ ਕਰਮਚਾਰੀਆਂ ਦੇ ਵਿਰੁੱਧ ਸਮੇਂ ਸਿਰ ਯੋਗ ਕਾਰਵਾਈ ਕੀਤੀ ਜਾਵੇ । ਜਿੱਥੇ ਕਿਸੀ ਕਰਮਚਾਰੀ ਦੇ ਵਿਰੁੱਧ ਪੰਜਾਬ ਸਿਵਲ ਸਰਵਿਸਿਜ਼ (ਦੰਡ ਅਤੇ ਅਪੀਲ) ਰੂਲਜ, 1970 ਦੇ ਨਿਯਮ 10 ਅਧੀਨ ਕਾਰਵਾਈ ਕੀਤੀ ਜਾਣੀ ਹੁੰਦੀ ਹੈ, ਤਾਂ

ਉਸ ਸਾਰੀ ਕਾਰਵਾਈ ਨੂੰ ਇੱਕ ਮਹੀਨੇ ਦੇ ਵਿੱਚ-ਵਿੱਚ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਜਿੱਥੇ ਕਿਸੀ ਕਰਮਚਾਰੀ ਨੂੰ ਉਕਤ ਨਿਯਮਾਂ ਦੇ ਨਿਯਮ 8 ਅਧੀਨ ਵੱਡੀ ਸਜਾ ਲਈ ਚਾਰਜ-ਸ਼ੀਟ ਕੀਤਾ ਜਾਣਾ ਹੈ ਤਾਂ ਉਹ ਕਾਰਵਾਈ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਮੁਕੰਮਲ ਹੋ ਜਾਣੀ ਚਾਹੀਦੀ ਹੈ ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ 77455 ਮਿਤੀ 30.11.2009

ਇਸ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

(1) ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ

(2) ਨਿ.ਸ. ਸਕੱਤਰ, ਸਕੂਲ ਸਿੱਖਿਆ, ਪੰਜਾਬ ਸਰਕਾਰ, ਚੰਡੀਗੜ੍ਹ

(3) ਡੀ.ਐਮ. (ਐਮ.ਆਈ.ਐਸ) ਵੈੱਬ ਸਾਈਟ ਤੇ ਪਾਉਣ ਲਈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ